# ਸੰਪਾਦਕੀ

## ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿਚੋਂ ਗੁਜ਼ਰਦਿਆਂ


(ੳ)

**ਜ**ਦੋਂ ਮਨੁੱਖੀ ਦਿਮਾਗ ਵਾਂਗ ਹੀ ਮਸ਼ੀਨੀ ਸਿਆਣਪ (AI) ਪੈਦਾ ਕਰ ਕੇ ਵਰਤੀ ਜਾਣ ਲੱਗ ਪਵੇ ਤਾਂ ਆਉਣ ਵਾਲੇ ਸੰਸਾਰ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਸੰਸਾਰ ਕਿੰਨੀ ਤੇਜ਼ੀ ਨਾਲ ਰੂਪਾਂਤਰਿਤ ਹੋਣ ਵਾਲਾ ਹੈ।

ਮਸ਼ੀਨੀ ਸਿਆਣਪ (AI), ਉਤਰ-ਆਧੁਨਿਕ ਯੁਗ ਵਿਚ ਕੰਪਿਊਟਰ ਵਿਗਿਆਨ ਅਤੇ ਕੁਦਰਤੀ ਭਾਸ਼ਾ ਪ੍ਰਕਿਰਿਆ ਦੇ ਖੇਤਰਾਂ ਵਿਚ ਹੁਣ ਤਕ ਕੀਤੀ ਗਈ ਸਿਖ਼ਰਲੀ ਖੋਜ ਦਾ ਨਤੀਜਾ ਹੈ, ਜਿਸਨੇ ਮਨੁੱਖੀ ਇਤਿਹਾਸ ਵਿਚ ਨਿਵੇਕਲਾ, ਅਹਿਮ ਅਤੇ ਅਨੇਕਾਂ ਖ਼ਤਰਿਆਂ/ਸ਼ੰਕਿਆਂ ਵਾਲਾ ਅਧਿਆਇ ਆਰੰਭ ਕਰ ਦਿੱਤਾ ਹੈ।

ਮਨੁੱਖ, ਮਸ਼ੀਨ ਤੇ ਕੁਦਰਤ ਦੇ ਸਹਿਯੋਗ ਨਾਲ ਇਕ ਨਵੀਂ ਕਿਸਮ ਦਾ ਸੰਸਾਰ ਸਿਰਜਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਜਿਸ ਨੂੰ ਉੱਨਤ ਡਿਜ਼ੀਟਲ ਤਕਨਾਲੋਜੀ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੁਆਰਾ ਨਿਯੰਤ੍ਰਿਤ ਕੀਤਾ ਜਾ ਰਿਹਾ ਹੈ। ਇਹ ਵਿਸ਼ਾਲ ਨਿਊਰਲ ਨੈੱਟਵਰਕ ਵਿਚ ਬੱਝੀ ਸਾਂਝੀ ਮਸ਼ੀਨੀ ਯੋਗਤਾ ਵਾਲੇ ਪ੍ਰੋਗਰਾਮ ਜਾਂ ਮਸਨੂਈ ਬੁੱਧੀ, ਮਨੁੱਖੀ ਬੁੱਧੀ ਨੂੰ ਸਿੱਧੀ ਚੁਣੌਤੀ ਹੈ। ਇਹ ਉਸੇ ਤਰ੍ਹਾਂ ਕੰਮ ਕਰਦੀ ਜਿਵੇਂ ਮਾਨਵੀ ਬੁੱਧੀ/ਦਿਮਾਗ ਤੰਤੂ/ਨਰਵ ਸਿਸਟਮ ਦੇ ਸੰਚਾਲਨ ਨਾਲ ਕਰਦੀ ਹੈ। ਮਾਨਵੀ ਬੁੱਧੀ ਵਿਚੋਂ 'ਮਾਨਵ' ਵਿਸਥਾਪਤ ਕੀਤਾ ਜਾ ਰਿਹਾ ਹੈ ਅਤੇ ਇਸੇ ਕਰਕੇ ਇਸ ਨਵੇਂ ਯੁਗ ਨੂੰ ਉਤਰ-ਮਾਨਵਵਾਦੀ ਯੁਗ ਵੀ ਕਿਹਾ ਜਾਣ ਲੱਗਾ ਹੈ।

ਇਹ ਮਨੁੱਖੀ ਇਤਿਹਾਸ ਵਿਚ ਖੋਜਾਂ ਸਬੰਧੀ ਵੱਡੀ ਤੇ ਰਿਸਕੀ ਕ੍ਰਾਂਤੀ ਹੈ। ਇਹ ਪ੍ਰਮਾਣੂ ਦੀ ਖੋਜ ਤੋਂ ਬਾਅਦ ਉੱਠੇ ਮਨੁੱਖੀ/ਦੁਨਿਆਵੀ ਵਿਨਾਸ਼ ਦੇ ਖ਼ਦਸ਼ਿਆਂ ਅਤੇ ਮੈਡੀਕਲ ਖੇਤਰ ਵਿਚ ਮਨੁੱਖ ਦੇ ਕਲੋਨ ਬਣਾਉਣ ਤੋਂ ਬਾਅਦ ਦੀ ਸਭ ਤੋਂ ਵਧੇਰੇ ਸ਼ੰਕਾਵਾਂ ਤੇ ਖ਼ਤਰਿਆਂ ਦੀ ਸੰਭਾਵਨਾ ਪੈਦਾ ਕਰਨ ਵਾਲੀ ਕ੍ਰਾਂਤੀ ਵਜੋਂ ਪਛਾਣੀ ਜਾ ਰਹੀ ਹੈ। ਪ੍ਰਮਾਣੂ ਤੇ ਰਸਾਇਣਕ ਹਥਿਆਰਾਂ ਅਤੇ ਮਨੁੱਖੀ ਕਲੋਨ ਦੇ ਮੁੱਦੇ ਆਲਮੀ ਪੱਧਰ 'ਤੇ ਮਨੁੱਖ ਨੇ ਨੈਤਿਕਤਾ ਦੀ ਭਾਵਨਾ ਤਹਿਤ ਇਕ ਆਮ ਰਾਇ ਬਣਾ ਕੇ ਵਿਨਾਸ਼ ਦੇ ਖ਼ਦਸ਼ਿਆਂ ਨੂੰ ਵਿਰਾਮ ਲਾ ਲਿਆ। ਏ. ਆਈ. ਦੀ ਆਮਦ ਨਾਲ ਅੱਜ ਮੁੜ ਉਸ ਤਰ੍ਹਾਂ ਦੇ ਸੰਕਟ ਦੀ ਸਥਿਤੀ ਬਣ ਗਈ ਹੈ।




**ਡਾ. ਮਹਿਲ ਸਿੰਘ**
**ਡਾ. ਆਤਮ ਸਿੰਘ ਰੰਧਾਵਾ**
sanvadpunjabi@gmail.com
98722-17273

ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਖੋਜ ਤੇ ਵਰਤੋਂ ਸਬੰਧੀ ਦੁਨੀਆਂ ਦੇ ਵਿਗਿਆਨੀ ਤੇ ਵਿਦਵਾਨ ਦੋ ਧੜ੍ਹਿਆਂ ਵਿਚ ਵੰਡੇ ਗਏ ਹਨ। ਕੁਝ ਦਾ ਮੰਨਣਾ ਹੈ ਕਿ ਮਸ਼ੀਨੀ ਸਿਆਣਪ (AI) ਮਨੁੱਖੀ ਉਤਪਾਦਕਤਾ ਅਤੇ ਕੁਸ਼ਲਤਾ ਨੂੰ ਵਧਾਉਣ ਵਿਚ ਬੇਹੱਦ ਸਹਾਇਤਾ ਕਰੇਗੀ ਪਰ ਦੂਸਰੇ ਮੰਨਦੇ ਹਨ ਕਿ ਅਨਿਯੰਤ੍ਰਿਤ ਏ. ਆਈ. ਦਾ ਨਤੀਜਾ ਮਨੁੱਖਤਾ ਦੇ ਵਿਨਾਸ ਵਿਚ ਹੋਵੇਗਾ। ਮਸ਼ੀਨੀ ਸਿਆਣਪ (AI) ਦੇ ਪਿਤਾਮਾ ਕੰਪਿਊਟਰ ਵਿਗਿਆਨੀ ਜਿਓਫ਼ਰੀ ਹਿੰਟਨ (Geoffrey Hinton) ਇਸ ਦੇ ਸੰਭਾਵੀ ਖਤਰਿਆਂ ਬਾਰੇ ਚੇਤਾਵਨੀ ਦਿੰਦਾ ਹੈ ਕਿ ਏ. ਆਈ. ਸੰਭਾਵਤ ਤੌਰ 'ਤੇ ਮਨੁੱਖਾਂ ਨੂੰ ਪਛਾੜ ਸਕਦੀ ਹੈ। ਉਹ ਕਹਿੰਦਾ ਹੈ ਕਿ ਸਾਡੇ ਦਿਮਾਗਾਂ ਵਿਚ 100 ਖ਼ਰਬ/ਟ੍ਰਿਲੀਅਨ ਕਨੈਕਸਨ ਹਨ। ਵੱਡੇ ਤੋਂ ਵੱਡੇ ਭਾਸ਼ਾ ਮਾਡਲਾਂ ਵਿਚ ਅੱਧਾ ਟ੍ਰਿਲੀਅਨ ਜਾਂ ਵੱਧ ਤੋਂ ਵੱਧ ਇਕ ਟ੍ਰਿਲੀਅਨ ਕਨੈਕਸ਼ਨ ਹੁੰਦੇ ਹਨ, ਫਿਰ ਵੀ GPT-4 ਕਿਸੇ ਵੀ ਵਿਅਕਤੀ ਨਾਲੋਂ ਸੈਂਕੜੇ ਗੁਣਾ ਜ਼ਿਆਦਾ ਜਾਣਦਾ ਹੈ। ਅਸਲ ਵਿਚ ਇਸ ਕੋਲ ਸਾਡੇ ਨਾਲੋਂ ਬਹੁਤ ਜ਼ਿਆਦਾ ਵਧੀਆ ਸਿੱਖਣ ਦਾ ਐਲਗੋਰਿਦਮਜ਼ ਹੈ।

ਪਿਛਲੇ ਦਿਨੀ ਉਸਨੇ ਏ. ਆਈ. ਦੇ ਖਤਰਿਆਂ ਬਾਰੇ ਗੱਲ ਕਰਨ ਲਈ ਗੂਗਲ ਦੀ ਆਪਣੀ ਨੌਕਰੀ ਛੱਡ ਦਿੱਤੀ ਅਤੇ ਕਿਹਾ ਹੈ ਕਿ ਏ. ਆਈ. ਖੋਜਾਂ ਨਾਲ ਤਕਨਾਲੋਜੀ ਹੱਥੋਂ ਨਿਕਲ ਰਹੀ ਹੈ। ਇਹ ਚੀਜਾਂ ਸਾਡੇ ਨਾਲੋਂ ਵਧੇਰੇ ਬੁੱਧੀਮਾਨ ਹੋ ਸਕਦੀਆਂ ਹਨ। ਸਾਨੂੰ ਹੁਣ ਇਸ ਬਾਰੇ ਚਿੰਤਾ ਕਰਨ ਦੀ ਜ਼ਰੂਰਤ ਹੈ ਕਿ ਅਸੀਂ ਅਜਿਹਾ ਹੋਣ ਤੋਂ ਕਿਵੇਂ ਰੋਕ ਸਕਦੇ ਹਾਂ? ਤੇਜ ਗਤੀ ਨਾਲ ਵਾਪਰਦੀ ਤਬਦੀਲੀ ਬਾਰੇ ਉਸਨੇ ਕਿਹਾ ਕਿ ਮੈਂ ਪਿਛਲੇ ਸਮੇਂ ਸੋਚਿਆ ਕਿ ਅਸੀਂ ਉਸ ਅਜਿਹੇ ਖ਼ਤਰਿਆਂ ਤੋਂ 50 ਕੁ ਸਾਲ ਦੂਰ ਹਾਂ ਪਰ ਹੁਣ (ਜਦੋਂ GPT-4 ਲਾਂਚ ਹੋਇਆ) ਇਨ੍ਹਾਂ ਚੀਜਾਂ ਦੇ ਨਤੀਜੇ ਵੇਖ ਮੈਨੂੰ ਲਗਦਾ ਹੈ ਕਿ ਅਸੀਂ ਖ਼ਤਰਿਆਂ ਦੇ ਬਹੁਤ ਨੇੜੇ ਪਹੁੰਚ ਗਏ ਹਾਂ, ਸ਼ਾਇਦ ਸਿਰਫ ਪੰਜ ਕੁ ਸਾਲ ਦੂਰ। ਉਸ ਦੀਆਂ ਕੁਝ ਚਿਤਾਵਨੀਆਂ ਮਨੁੱਖ ਜਾਤੀ ਲਈ ਕਿਆਮਤ ਦੇ ਦਿਨ ਵਰਗੀਆਂ ਲੱਗਦੀਆਂ ਹਨ।

ਹਿੰਟਨ ਅਨਿਯੰਤ੍ਰਿਤ ਏ. ਆਈ. ਦੇ ਖਤਰਿਆਂ ਬਾਰੇ ਬਹੁਤ ਚਿੰਤਤ ਹੈ। ਉਹ ਗੰਭੀਰ ਖਤਰਿਆਂ ਤੋਂ ਜਾਣੂ ਕਰਵਾਉਂਦਾ ਕਹਿੰਦਾ ਹੈ ਕਿ ਇਹ ਚੀਜਾਂ ਮਾੜੇ ਇਰਾਦਿਆਂ ਵਾਲੇ ਲੋਕਾਂ ਕੋਲ ਆ ਜਾਣਗੀਆਂ ਤਾਂ ਮਨੁੱਖੀ ਦਖਲ ਤੋਂ ਬਿਨਾਂ ਰਸਾਇਣਕ ਹਥਿਆਰਾਂ ਵਰਗੀਆਂ ਅਨੈਤਿਕ ਕਾਰਵਾਈਆਂ ਕਰਨ ਲਈ ਪ੍ਰੋਗਰਾਮ ਬਣਾਏ ਜਾ ਸਕਦੇ ਹਨ। ਅਜਿਹੀ ਤਕਨਾਲੋਜੀ ਦੀ ਵਰਤੋਂ ਉਨ੍ਹਾਂ ਮਨੁੱਖਾਂ ਵਿਰੁੱਧ ਹੇਰਾਫੇਰੀ, ਚੋਣਾਂ ਵਿਚ ਦਖਲਅੰਦਾਜੀ ਕਰਨ ਵਾਲੇ ਵਿਗਾੜ ਵਾਲੀਆਂ ਮੁਹਿੰਮਾਂ ਨੂੰ ਬਣਾਉਣ, ਯੁੱਧ ਜਿੱਤਣ ਲਈ ਜਾਂ ਨੁਕਸਾਨ ਕਰਨ ਲਈ ਕੀਤੀ ਜਾ ਸਕਦੀ ਹੈ ਜੋ ਇਸਦੀ ਸ਼ਕਤੀ ਦਾ ਟਾਕਰਾ ਕਰਨ ਲਈ ਤਿਆਰ ਨਹੀਂ ਹਨ। ਇਸ ਨਾਲ ਲੋਕਤੰਤਰ ਖ਼ਤਰੇ ਵਿਚ ਆ ਸਕਦਾ ਹੈ। ਇਕੱਲੇ ਚੈਟ-ਜੀਪੀਟੀ-4 ਵਰਗੇ ਮਾਡਲ ਮੌਜੂਦਾ ਸਿੱਖਿਆ ਢਾਂਚੇ ਨੂੰ ਤਬਾਹ ਕਰਨ ਦੀ ਸਮਰੱਥਾ ਰੱਖਦੇ ਹਨ, ਜਿਸ ਦਾ ਟਾਕਰਾ ਕਰਨ ਲਈ ਮੌਜੂਦਾ ਸਿੱਖਿਆ ਸੰਸਥਾਵਾਂ ਕੋਲ ਕੋਈ ਤਿਆਰੀ ਨਹੀਂ ਹੈ। ਸੋ ਏ. ਆਈ. ਦੇ ਅਤਿ ਵਿਕਸਤ ਸੰਸਕਰਣ ਮਨੁੱਖਤਾ ਲਈ ਘਾਤਕ ਸਿੱਧ ਹੋ ਸਕਦੇ ਹਨ। ਇਹ ਉਤਰ-ਮਾਨਵਵਾਦੀ ਯੁਗ ਮਨੁੱਖੀ ਇਤਿਹਾਸ ਦਾ ਅਹਿਮ, ਰਿਸਕੀ ਤੇ ਖ਼ਤਰਨਾਕ ਅਧਿਆਇ ਹੋ ਸਕਦਾ ਹੈ। ਇਸ ਮਸ਼ੀਨੀ ਸਿਆਣਪ (AI) ਨੂੰ ਕਿਵੇਂ ਨਿਯੰਤ੍ਰਿਤ ਕੀਤਾ ਜਾਣਾ ਚਾਹੀਦਾ ਹੈ? ਇਸ ਸਵਾਲ ਦਾ ਜਵਾਬ ਏ. ਆਈ. ਦੇ ਪਿਤਾਮਾ ਹਿੰਟਨ ਕੋਲ ਵੀ ਨਹੀਂ ਹੈ।

ਪਿਛਲੇ ਮਹੀਨੇ ਤੀਹ ਹਜ਼ਾਰ ਤੋਂ ਵੱਧ ਖੋਜੀਆਂ, ਵਿਗਿਆਨੀਆਂ ਅਤੇ ਹੋਰ ਵਿਦਵਾਨਾਂ ਨੇ ਇਕ ਮੰਗ-ਪੱਤਰ 'ਤੇ ਦਸਤਖਤ ਕੀਤੇ ਸਨ ਜਿਸ ਵਿਚ ਏ. ਆਈ. ਖੋਜ 'ਤੇ ਉਦੋਂ ਤਕ ਵਿਰਾਮ ਦੀ ਮੰਗ ਕੀਤੀ ਗਈ ਸੀ, ਜਦੋਂ ਤਕ ਇਸ ਸਬੰਧੀ ਸਮਾਜ ਨੂੰ ਹੋਣ ਵਾਲੇ ਖ਼ਤਰਿਆਂ ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ ਜਾਂਦਾ। ਇਹ ਉਸੇ ਤਰ੍ਹਾਂ ਦੀ ਮੰਗ ਹੈ ਜਿਵੇਂ ਪ੍ਰਮਾਣੂ ਤੇ ਰਸਾਇਣਕ ਹਥਿਆਰਾਂ ਅਤੇ ਮਨੁੱਖੀ ਕਲੋਨ ਦੀ ਖੋਜ ਨੂੰ ਬੰਦ ਕਰਨ ਲਈ ਮੰਗ ਉਠੀ ਸੀ, ਇਸ ਮੁੱਦੇ ਨੂੰ ਆਲਮੀ ਪੱਧਰ 'ਤੇ ਮਨੁੱਖ ਨੇ ਨੈਤਿਕਤਾ ਦੀ ਭਾਵਨਾ ਤਹਿਤ ਇਕ ਆਮ ਰਾਇ ਬਣਾ ਕੇ ਸੁਲਝਾ ਲਿਆ ਸੀ।

ਯੂਅਲ ਨੋਅ ਹਰਾਰੀ ਆਪਣੀਆਂ ਕਿਤਾਬਾਂ ਵਿਚ ਅਜਿਹੇ ਖਤਰਿਆਂ ਬਾਰੇ ਗੱਲ ਕਰਦਾ ਰਿਹਾ ਹੈ। ਉਹ ਚਿੰਤਾ ਜ਼ਾਹਰ ਕਰਦਾ ਹੈ ਕਿ ਏ. ਆਈ. ਨਾਲ ਬੌਧਿਕਤਾ ਤੇ ਚੇਤਨਾ ਇਕ ਦੂਜੇ ਤੋਂ ਨਿੱਖੜ ਜਾਣਗੇ ਅਤੇ ਜਦੋਂ ਬਹੁਤ ਅਡਵਾਂਸ ਗ਼ੈਰ-ਚੇਤਨ ਐਲਗੋਰਿਦਮਜ਼ ਜਾਂ ਮਸ਼ੀਨੀ ਸਿਆਣਪ ਹਰ ਕਾਰਜ ਬੜੀ ਉੱਤਮਤਾ ਨਾਲ ਕਰਨ ਲੱਗ ਪਈਆਂ ਤਾਂ ਮਨੁੱਖ/ਲੋਕ ਅਪ੍ਰਸੰਗਿਕ ਹੋ ਜਾਣਗੇ। ਮੌਜੂਦਾ ਮਨੁੱਖੀ ਸਭਿਅਤਾ ਮਨੁੱਖ ਦੁਆਰਾ ਸਿਰਜੀ ਭਾਸ਼ਾ ਤੇ ਉਸ ਦੁਆਰਾ ਸਿਰਜੇ ਬਿਰਤਾਂਤਾਂ ਨਾਲ ਨਿਰਮਤ ਹੈ ਪਰ ਜਦੋਂ ਕਿਸੇ ਸਾਜ਼ਿਸ਼ੀ ਤਾਕਤਵਰ ਧਿਰ ਜਾਂ ਮਸ਼ੀਨੀ ਸਿਆਣਪ (AI) ਵੱਲੋਂ ਅਜਿਹੀ ਬੇਹਤਰ ਭਾਸ਼ਾ ਤੇ ਬੇਹਤਰੀਨ ਬਿਰਤਾਂਤ ਸਿਰਜੇ ਜਾਣ ਲੱਗੇ ਤਾਂ ਮੌਜੂਦਾ ਮਾਨਵੀ ਸਭਿਅਤਾ ਦੀ ਹੋਂਦ ਖ਼ਤਰੇ ਵਿਚ ਪੈ ਸਕਦੀ ਹੈ।

(ਅ)

**ਸੰ**ਵਾਦ ਇਸ ਡੀਬੇਟ ਵਿਚ ਤਿੰਨ ਖੋਜ-ਪੱਤਰ ਲੈ ਕੇ ਆਇਆ ਹੈ। ਅਮਰਜੀਤ ਸਿੰਘ ਗਰੇਵਾਲ ਦਾ ਪੇਪਰ 'ਉਤਰ-ਮਾਨਵਵਾਦ ਦੇ ਸਮਿਆਂ ਵਿਚ ਵਗਦੀ ਸਿਰਜਣਧਾਰਾ: ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਪ੍ਰਸੰਗ ਵਿਚ' ਰਾਹੀਂ ਏ. ਆਈ. ਸਬੰਧੀ ਬਹੁਤ ਸਾਰੇ ਖਦਸ਼ਿਆਂ ਨੂੰ ਨਕਾਰਦੇ ਹੋਏ ਬੰਦੇ ਦੇ ਸਨਮੁਖ ਸਿਰਜੇ ਜਾ ਰਹੇ ਇਸ ਵਰਚੂਅਲ ਸੰਸਾਰ ਨੂੰ ਬਹੁਤ ਅਹਿਮ ਮੰਨਿਆਂ ਹੈ। ਉਨ੍ਹਾਂ ਅਨੁਸਾਰ ਆਉਣ ਵਾਲੇ ਸਮੇਂ ਵਿਚ ਮਸ਼ੀਨੀ ਸਿਆਣਪ (AI), ਮਾਨਵੀ ਸੰਸਾਰ ਤੇ ਕੁਦਰਤੀ ਸੰਸਾਰ ਨਾਲ ਰਲ ਕੇ ਆਪਸੀ ਸਹਿਯੋਗ ਨਾਲ ਇਕ ਇਨਕਲੂਸਿਵ, ਵਿਸਮਾਦੀ ਤੇ ਬੇਹਤਰੀਨ ਮਾਨਵੀ ਸਭਿਅਤਾ/ਸੰਸਾਰ ਦੀ ਸਿਰਜਣਾ ਹੋਣ ਜਾ ਰਹੀ ਹੈ। ਉਨ੍ਹਾਂ ਇਸ ਪੇਪਰ ਵਿਚ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੇ ਸਿਰਜਣ ਪ੍ਰਕਿਰਿਆ ਉਪਰ ਪੈਣ ਵਾਲੇ ਪਭਾਵਾਂ ਦੀ ਚਰਚਾ ਕੀਤੀ ਹੈ ਕਿ ਸਾਹਿਤ, ਸਿਆਣਪ, ਕਲਾ ਅਤੇ ਤਕਨਾਲੋਜੀ ਦੀ ਸਿਰਜਣਾ ਉਪਰ ਮਨੁੱਖ ਦੇ ਏਕਾਧਿਕਾਰ 'ਤੇ ਸੁਆਲ ਖੜੇ ਹੋਣ ਲੱਗ ਪਏ ਹਨ। ਇਹ ਕਿਸੇ ਸਿਰਜਕ ਦੀ ਵਿਅਕਤੀਗਤ ਮੌਲਿਕਤਾ ਦੇ ਸੰਕਟ ਦਾ ਮਸਲਾ ਵੀ ਹੋ ਸਕਦਾ ਹੈ। ਇਸ ਸਬੰਧੀ ਦੂਜਾ ਪੇਪਰ ਡਾ. ਸੀ.ਪੀ. ਕੰਬੋਜ਼ ਦਾ ਮਸ਼ੀਨੀ ਸਿਆਣਪ 'ਤੇ ਆਧਾਰਿਤ ਸਾਫ਼ਟਵੇਅਰ 'ਚੈਟ-ਜੀਪੀਟੀ' ਬਾਰੇ 'ਪੰਜਾਬੀ ਵਿਚ ਚੈਟ-ਜੀਪੀਟੀ ਦੀ ਵਰਤੋਂ: ਇਕ ਸਰਵੇਖਣ' ਹੈ। ਇਸ ਰਾਹੀਂ ਉਨ੍ਹਾਂ ਪੰਜਾਬੀ ਵਿਚ ਚੈਟ-ਜੀਪੀਟੀ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਦਿਆਂ ਪੰਜਾਬੀ ਜਗਤ ਵਿਚ ਇਸਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਬੜੀ ਸਪੱਸ਼ਤਾ ਨਾਲ ਉਜਾਗਰ ਕੀਤੀਆਂ ਹਨ। ਇਸੇ ਪ੍ਰਸੰਗ ਵਿਚ ਡਾ. ਮਨਮੋਹਨ ਦੁਆਰਾ ਲਿਖਿਆ ਅਗਲਾ ਪੇਪਰ 'ਸੋ ਦਰੁ : ਮਨੁੱਖੀ ਭਵਿੱਖ ਦਾ ਗਿਆਨਾਤਮਕ ਪ੍ਰਵਚਨ' ਏ. ਆਈ. ਦੌਰ 'ਤੇ ਆਧਾਰਿਤ ਪੰਜਾਬੀ ਵਿਚ ਲਿਖੀ ਪਹਿਲੀ ਲਿਖਤ **ਸੋ ਦਰੁ** ਪੁਸਤਕ ਉਪਰ ਹੈ ਜਿਸ ਵਿਚ ਏ. ਆਈ. ਨਾਲ ਸਬੰਧਿਤ ਉਪਰੋਕਤ ਮੁੱਦਿਆਂ ਨੂੰ ਦਾਰਸ਼ਨਿਕ ਤੇ ਸਿਰਜਣਾਤਕ ਢੰਗ ਨਾਲ ਮੁਖ਼ਾਤਿਬ ਹੋਇਆ ਗਿਆ ਹੈ।

**ਸੰ**ਵਾਦ ਦੀ ਪਿਰਤ ਅਨੁਸਾਰ ਇਸ ਅੰਕ ਵਿਚ ਨਾਮਵਰ ਮਰਹੂਮ ਵਿਦਵਾਨ ਪ੍ਰੋ. ਰਣਧੀਰ ਸਿੰਘ ਦਾ ਖੋਜ-ਪੱਤਰ 'ਵਿਸ਼ਵੀਕਰਨ ਦੇ ਬੁਨਿਆਦੀ ਸਰੋਕਾਰ' ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ। ਇਹ ਪੇਪਰ ਵਿਸ਼ਵੀਕਰਨ ਸਬੰਧੀ ਬਹੁਤ ਗਹਿਰ ਗੰਭੀਰ ਤੇ ਨਿੱਗਰ ਧਾਰਨਾਵਾਂ ਪੇਸ਼ ਕਰਦਾ ਹੈ। ਇਸ ਅੰਕ ਵਿਚ ਸਾਹਿਤ ਦੇ ਵਿਸ਼ਲੇਸ਼ਣ ਨਾਲ ਸਬੰਧਿਤ ਖੋਜ-ਪੱਤਰਾਂ ਵਿਚ ਡਾ. ਮਹਿਲ ਸਿੰਘ ਦਾ ਖੋਜ-ਪੱਤਰ 'ਪਵਿੱਤਰ ਪਾਪੀ : ਮਾਨਸਿਕ ਦੁਬਿਧਾ ਦਾ ਕਲਾਸਿਕ ਦੁਖਾਂਤ' ਹੈ। ਅਜਿਹੇ ਖੋਜ ਕਾਰਜ ਦਾ ਮੰਤਵ ਪੰਜਾਬੀ ਗਲਪ ਦੇ ਇਤਿਹਾਸ ਵਿਚੋਂ ਕਲਾਸਿਕ ਰਚਨਾਵਾਂ ਨੂੰ ਤਲਾਸ਼ਣਾ ਤੇ ਉਨ੍ਹਾਂ ਦੇ ਕਲਾਤਮਿਕ ਗੌਰਵ ਨੂੰ ਉਭਾਰਨਾ ਹੈ। ਸੰਵਾਦ ਨਿਰੰਤਰ ਅਜਿਹੇ ਯਤਨ ਜਾਰੀ ਰੱਖੇਗਾ। ਇਸ ਤੋਂ ਇਲਾਵਾ ਦੋ ਪੇਪਰ ਬਹੁ-ਸਭਿਆਚਾਰਵਾਦ ਬਾਰੇ ਹਨ। ਡਾ. ਜਸਪਾਲ ਕੌਰ ਨੇ ਆਪਣੇ ਪੇਪਰ 'ਬਹੁ ਸਭਿਆਚਾਰਵਾਦ : ਪਛਾਣ ਦਾ ਸੰਕਟ ਤੇ ਪਰਵਾਸੀ ਪੰਜਾਬੀ ਕਵਿਤਾ' ਵਿਚ ਪਰਵਾਸੀ ਪੰਜਾਬੀ ਕਵਿਤਾ ਵਿਚ ਪੇਸ਼ ਹੋ ਰਹੇ ਮਾਨਵੀ ਪਛਾਣ ਦੇ ਸੰਕਟ ਅਤੇ ਬਹੁ-ਸਭਿਆਚਾਰਵਾਦ ਵਿਚ ਇਸਦੀ ਸਥਿਤੀ ਦਾ

ਵਿਸ਼ਲੇਸ਼ਣ ਕੀਤਾ ਹੈ। ਇਸੇ ਤਰ੍ਹਾਂ ਮਧਕਾਲੀ ਟੈਕਸਟ ਨੂੰ ਆਧਾਰ ਬਣਾ ਕੇ ਡਾ. ਪਰਮਿੰਦਰ ਸਿੰਘ ਨੇ 'ਮਧਕਾਲੀਨ ਪੰਜਾਬੀ ਵਾਰਤਕ' ਦਾ ਬਹੁ ਅਤੇ ਪਾਰ-ਸਭਿਆਚਾਰਕ ਪਰਿਪੇਖ' ਪੇਸ਼ ਕੀਤਾ ਹੈ। ਅਗਲੇ ਪੇਪਰਾਂ ਵਿਚ ਡਾ. ਹਰਦੇਵ ਸਿੰਘ ਦਾ ਪੇਪਰ 'ਸਿੱਖ ਜਗਤ ਲਈ ਫ਼ਾਰਸੀ ਭਾਸ਼ਾ ਦੀ ਅਹਿਮੀਅਤ', ਡਾ. ਅਮਰਜੀਤ ਸਿੰਘ ਦਾ 'ਭਾਈ ਵੀਰ ਸਿੰਘ ਦਾ ਕਾਵਿ-ਸ਼ਾਸਤਰ', ਡਾ. ਨੀਤੂ ਅਰੋੜਾ ਦਾ 'ਨਾਰੀ -ਕਾਵਿ ਦੀ ਨਾਰੀਵਾਦੀ ਪੜ੍ਹਤ ਦਾ ਸੁਆਲ', ਡਾ. ਹਰਪ੍ਰੀਤ ਕੌਰ ਦਾ 'ਸਿਧਾਰਥ : ਜਿਗਿਆਸਾ, ਤਿਆਗ ਅਤੇ ਬੁੱਧਤਵ ਦਾ ਪ੍ਰਵਚਨ', ਡਾ. ਸਤਵਿੰਦਰਪਾਲ ਕੌਰ ਗਿੱਲ ਤੇ ਡਾ. ਜਤਿੰਦਰ ਸਿੰਘ ਗਿੱਲ ਹੋਰਾਂ ਦਾ 'ਹੱਥ-ਲਿਖਤਾਂ ਦਾ ਸੰਸਾਰ : ਭਾਰਤੀ ਪ੍ਰਸੰਗ', ਡਾ. ਮਿੰਨੀ ਸਲਵਾਨ ਦਾ 'ਸਭਿਆਚਾਰ, ਭਾਸ਼ਾ ਅਤੇ ਭਾਸ਼ਾ ਵਿਗਿਆਨ', ਡਾ. ਵਿਸ਼ਾਲ ਕੁਮਾਰ ਦਾ ਰਾਮ ਧਨ ਰਚਿਤ ਕਿੱਸਾ 'ਪੂਰਨ ਭਗਤ ਵਿਚਲਾ ਨਾਇਕ', ਮਨਿੰਦਰ ਕੌਰ ਦਾ 'ਅਜੀਤ ਕੌਰ ਦੀਆਂ ਕਹਾਣੀਆਂ ਵਿਚਲੀ ਸ਼ਹਿਰੀ ਔਰਤ', ਗੁਰਪ੍ਰੀਤ ਸਿੰਘ ਦਾ 'ਪੁਰਸ਼ਤਵ ਦੇ ਵੰਨ-ਸੁਵੰਨੇ ਰੂਪ : ਸਿਧਾਂਤਕ ਪਰਿਪੇਖ', ਸਰਵੀਰ ਕੌਰ ਦਾ 'ਪੰਜਾਬ ਲੋਕ ਸਭਿਆਚਾਰਕ ਮੰਚ ਦੀਆਂ ਗੀਤ-ਸੰਗੀਤ ਮੰਡਲੀਆਂ : ਇਕ ਸਰਵੇਖਣ' ਅਤੇ ਨਵਨੀਤ ਕੌਰ ਦਾ 'ਗੁਰਮਤਿ ਕਾਵਿ ਦੀ ਦਾਰਸ਼ਨਿਕ ਦ੍ਰਿਸ਼ਟੀ : ਭਾਈ ਗੁਰਦਾਸ ਦੀਆਂ ਵਾਰਾਂ ਦੇ ਵਿਸ਼ੇਸ਼ ਸੰਦਰਭ ਵਿਚ' ਸ਼ਾਮਲ ਕੀਤੇ ਗਏ ਹਨ। ਪੁਸਤਕ-ਸਮੀਖਿਆ ਵਿਚ 'ਪੰਜਾਬ : ਚੰਗੇ ਭਵਿੱਖ ਦੀ ਤਲਾਸ਼ ਕਰਦਿਆਂ' ਪੁਸਤਕ ਬਾਰੇ ਡਾ. ਅਮਨਦੀਪ ਕੌਰ ਦਾ ਲੇਖ ਹੈ।

ਅੰਕ ਦੇ ਅੰਤ ਵਿਚ ਪੰਜ ਪੁਸਤਕਾਂ ਬਾਰੇ ਰੀਵਿਊ ਹਨ। ਡਾ. ਪਰਮਜੀਤ ਸਿੰਘ ਢੀਂਗਰਾ ਦੀ ਪੁਸਤਕ 'ਸ਼ਬਦੋ ਵਣਜਾਰਿਓ' ਬਾਰੇ ਸਰਬਜੀਤ ਸਿੰਘ ਸੰਧੂ, ਡਾ. ਕੁਲਦੀਪ ਸਿੰਘ ਦੀਪ ਦੀ ਪੁਸਤਕ 'ਫੇਸ ਟੂ ਫੇਸ' ਬਾਰੇ ਡਾ. ਸਰਬਜੀਤ ਸਿੰਘ, ਜਗਦੀਪ ਸਿੱਧੂ ਦੀ ਪੁਸਤਕ 'ਪੌੜੀਆਂ ਉੱਤਰਦੀ ਛਾਂ' ਬਾਰੇ ਤੇਜਿੰਦਰ ਸਿੰਘ, ਹਰਮੀਤ ਵਿਦਿਆਰਥੀ ਦੀ ਪੁਸਤਕ 'ਜ਼ਰਦ ਰੁੱਤ ਦਾ ਹਲਫੀਆ ਬਿਆਨ' ਬਾਰੇ ਡਾ. ਹੀਰਾ ਸਿੰਘ ਦੁਆਰਾ ਕੀਤੇ ਰੀਵਿਊ ਹਨ।

**ਸੰ**ਵਾਦ ਦਾ ਇਹ 18ਵਾਂ ਅੰਕ ਆਪ ਜੀ ਦੇ ਹੱਥਾਂ ਵਿਚ ਹੈ। ਆਸ ਹੈ ਸੁਹਿਰਦ ਵਿਦਵਾਨ ਤੇ ਪਾਠਕ ਭਰਪੂਰ ਹੁੰਗਾਰਾ ਦੇਣਗੇ।

-ਡਾ. ਮਹਿਲ ਸਿੰਘ

-ਡਾ. ਆਤਮ ਸਿੰਘ ਰੰਧਾਵਾ

◈